# ਪਾਠਕਾਂ ਦੇ ਪੱਤਰ

To, Editor, Panjab Times
21 Cotton Brook Road,
Derby DE23 8YJ, U.K.

ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।

## ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਕਿਵੇਂ ਬਹਾਲ ਹੋਵੇ

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੁਗ਼ਲ ਬਾਦਸ਼ਾਹ ਦੇ ਹੁਕਮ 'ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ਼ਹੀਦ ਕਰਨ ਤੋਂ ਪਿੱਛੋਂ ਹੀ ਬਾਦਸ਼ਾਹ ਦੇ ਤਖ਼ਤ ਤੋਂ ਵੀ ਉੱਚਾ ਤਖ਼ਤ ਬਣਾ ਕੇ ਇੱਕ ਤਰ੍ਹਾਂ ਨਾਲ ਬਾਦਸ਼ਾਹ ਨੂੰ ਚੈਲਿੰਜ ਕੀਤਾ ਤੇ ਫ਼ੌਜਾਂ ਵੀ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਛੇ ਲੜਾਈਆਂ ਵੀ ਲੜੀਆਂ। ਜੋ ਵੀ ਰਾਜਸੀ ਫ਼ੈਸਲੇ ਲਏ ਜਾਂਦੇ, ਉਦੋਂ ਹੀ ਤਕਰੀਬਨ ਬਣਾਏ ਅਕਾਲ ਤਖ਼ਤ ਸਾਹਿਬ 'ਤੇ ਹੀ ਲੈ ਜਾਂਦੇ। ਜੇ ਕਿਸੇ ਨੇ ਕੋਈ ਗ਼ਲਤ ਕੰਮ ਕੀਤਾ ਹੁੰਦਾ, ਧਰਮ ਸੰਬੰਧੀ ਜਾਂ ਕਿਸੇ ਨੇ ਕਿਸੇ ਨਾਲ ਜ਼ਿਆਦਤੀ ਕੀਤੀ ਹੁੰਦੀ ਤੇ ਉਸ ਦੀ ਸ਼ਿਕਾਇਤ 'ਤੇ ਉਹਨਾਂ ਦਾ ਫ਼ੈਸਲਾ ਵੀ ਪੂਰੇ ਇਨਸਾਫ਼ ਨਾਲ ਕੀਤਾ ਜਾਂਦਾ। ਦੋਸ਼ੀ ਨੂੰ ਜੋ ਵੀ ਸਜ਼ਾ ਦਿੱਤੀ ਜਾਂਦੀ, ਉਹ ਵੀ ਕੀਤੇ ਜ਼ੁਰਮ ਦੇ ਹਿਸਾਬ ਨਾਲ ਹੀ ਦਿੱਤੀ ਜਾਂਦੀ। ਕਿਸੇ ਦਾ ਵੀ ਸੱਚੇ ਤਖ਼ਤ 'ਤੇ ਬੈਠ ਕੇ ਪੱਖ-ਪਾਤ ਨਹੀਂ ਸੀ ਕੀਤਾ ਜਾਂਦਾ। ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਤੇ ਸਤਿਕਾਰ ਬੜਾ ਹੀ ਸਿੱਖ ਕੌਮ ਵਿੱਚ ਕਾਇਮ ਸੀ। ਹੁਣ ਵੀ ਹੈ ਤੇ ਅੱਗੋਂ ਵੀ ਰਹੇਗਾ। ਸਿੱਖ ਕੌਮ ਦੀ ਨੀਹਾਂ ਵਿੱਚ ਗੁਰੂਆਂ, ਉਹਨਾਂ ਦੇ ਪਰਿਵਾਰਾਂ ਅਤੇ ਬੇਇੰਤਹਾ ਸ਼ਹੀਦਾਂ ਦਾ ਖ਼ੂਨ ਪਿਆ ਹੋਇਆ ਹੈ ਤੇ ਅਕਾਲ ਪੁਰਖ ਦੇ ਹੁਕਮ ਨਾਲ ਇਹ ਸਜੀ ਹੈ ਤੇ ਹਮੇਸ਼ਾਂ ਰਹੇਗੀ। ਗੁਰੂ ਹਰਗੋਬਿੰਦ ਸਾਹਿਬ ਦੇ ਬਾਹਿਦ ਵੱਖ-ਵੱਖ ਸਮੇਂ 'ਤੇ ਨਿਧੜਕ ਤੇ ਸੱਚੇ-ਸੁੱਚੇ ਜੱਥੇਦਾਰ ਅਕਾਲ ਤਖ਼ਤ ਸਾਹਿਬ 'ਤੇ ਆਉਂਦੇ ਰਹੇ ਤੇ ਠੀਕ ਇਨਸਾਫ਼ ਨਾਲ ਫ਼ੈਸਲੇ ਕਰਦੇ ਰਹੇ। ਹਰ ਕੋਈ ਉਹਨਾਂ ਦੇ ਫ਼ੈਸਲੇ ਬੜੇ ਸਤਿਕਾਰ ਨਾਲ ਮੰਨਦੇ ਰਹੇ, ਕਿਉਂਕਿ ਉਹ ਠੀਕ ਤੇ ਨਿਰਪੱਖ ਹੁੰਦੇ ਸਨ।

ਇਹ ਤਾਂ ਮੈਨੂੰ ਪੂਰਾ ਗਿਆਨ ਨਹੀਂ ਹੈ ਕਿ ਜੱਥੇਦਾਰਾਂ ਦੇ ਪਰਿਵਾਰਾਂ ਦੇ ਪਾਲਨ-ਪੋਸ਼ਣ ਲਈ ਮਾਇਆ ਕਿੱਥੋਂ ਤੇ ਕਿਹੜੇ ਖ਼ਜ਼ਾਨੇ ਤੋਂ ਆਉਂਦੀ ਸੀ। ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਸਮੇਂ-ਸਮੇਂ 'ਤੇ ਸਿੱਖ ਕੌਮ ਨੇ ਤਿੰਨ ਤਖ਼ਤ ਹਜ਼ੂਰ ਸਾਹਿਬ, ਪਟਨਾ ਸਾਹਿਬ ਤੇ ਅਨੰਦਪੁਰ ਸਾਹਿਬ ਸਥਾਪਤ ਕੀਤੇ। ਪੰਜਵਾਂ ਤਖ਼ਤ ਭਾਰਤ ਦੀ ਵੰਡ ਤੋਂ ਪਿੱਛੋਂ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵੀ ਸਥਾਪਤ ਕੀਤਾ ਗਿਆ। ਇਸ ਗੱਲ ਦੀ ਵੀ ਮੈਨੂੰ ਸਮਝ ਨਹੀਂ ਪਈ ਕਿ ਵੰਡ ਵੇਲੇ ਪੰਜਾਬ ਦਾ ਬਹੁਤਾ ਹਿੱਸਾ ਪਾਕਿਸਤਾਨ ਵਿੱਚ ਰਹਿ ਗਿਆ ਹੈ ਤੇ ਸਿੱਖੀ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਉੱਥੇ ਨਨਕਾਣਾ ਸਾਹਿਬ ਵਿੱਚ ਜਨਮ ਲੈ ਕੇ ਹੀ ਰੱਖੀ ਸੀ। ਉੱਥੇ ਕੋਈ ਵੀ ਤਖ਼ਤ ਸਾਹਿਬ ਨਹੀਂ ਹੈ। ਸ਼ਾਇਦ ਬਹੁਤੇ ਗੁਰੂ ਸਾਹਿਬ ਇਸੇ ਇਲਾਕੇ ਵਿੱਚ ਪੈਦਾ ਹੋਏ ਹਨ। ਖ਼ੈਰ ਮੈਂ ਅਕਾਲ ਤਖ਼ਤ ਸਾਹਿਬ 'ਤੇ ਹੁੰਦੇ ਫ਼ੈਸਲਿਆਂ ਵੱਲ ਆਉਂਦਾ ਹਾਂ, ਜਿੱਥੇ ਜਦੋਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਹੈ ਤੇ ਭਾਰਤ ਦੀ ਅਜ਼ਾਦੀ ਤੋਂ ਪਿੱਛੋਂ ਦਿੱਲੀ ਤੇ ਪੰਜਾਬ ਵਿੱਚ ਸਰਕਾਰਾਂ ਬਣਦੀਆਂ ਰਹੀਆਂ ਹਨ। ਉਹਨਾਂ ਦਾ ਅਕਾਲ ਤਖ਼ਤ 'ਤੇ ਹੁੰਦੇ ਫ਼ੈਸਲਿਆਂ 'ਤੇ ਪ੍ਰਭਾਵ ਜ਼ਰੂਰ ਪਿਆ ਹੈ, ਜਿਸ ਕਰਕੇ ਮੇਰੇ ਖ਼ਿਆਲ ਵਿੱਚ ਪੂਰੇ ਇਨਸਾਫ਼ ਨਾਲ ਹੁੰਦੇ ਨਜ਼ਰ ਨਹੀਂ ਆ ਰਹੇ। ਜਿਵੇਂ-ਜਿਵੇਂ ਦਖ਼ਲਅੰਦਾਜ਼ੀ ਵੱਧਦੀ ਜਾ ਰਹੀ ਹੈ। ਕਈ ਵਾਰੀ ਤਾਂ ਲੱਗਦਾ ਹੈ ਫ਼ੈਸਲੇ ਇੱਕਪਾਸੜ ਹੀ ਹੋ ਰਹੇ ਹਨ। ਜਿਵੇਂ-ਜਿਵੇਂ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਕਿਸੇ ਹੋਰ ਤਾਕਤਵਰ ਦਾ ਦਖ਼ਲ ਵੱਧਦਾ ਜਾਵੇਗਾ ਤਿਵੇਂ-ਤਿਵੇਂ ਜੱਥੇਦਾਰ ਸਾਹਿਬਾਨ ਪੂਰੀ ਇਮਾਨਦਾਰੀ ਤੇ ਨਿਧੜਕ ਹੋ ਕੇ ਫ਼ੈਸਲੇ ਨਹੀਂ ਕਰ ਸਕਣਗੇ, ਕਿਉਂਕਿ ਉਹ ਅਜ਼ਾਦ ਹਸਤੀ ਨਹੀਂ ਹਨ। ਸਾਰੇ ਹੀ ਜੱਥੇਦਾਰ ਜਿਨ੍ਹਾਂ ਕੋਲੋਂ ਤਨਖ਼ਾਹਾਂ ਆਦਿ ਲੈਂਦੇ ਹਨ ਤੇ ਉਹਨਾਂ ਦੇ ਹੀ ਥਾਪੇ ਹੁੰਦੇ ਹਨ। ਉਹਨਾਂ ਦਾ ਦਬਾਅ ਕਬੂਲੇ ਬਿਨਾਂ ਫ਼ੈਸਲਾ ਜਾਂ ਹੁਕਮਨਾਮਾ ਜਾਰੀ ਕਰਨਾ ਅਸੰਭਵ ਨਹੀਂ, ਪਰ ਬਹੁਤ ਜ਼ਿਆਦਾ ਕਠਨ ਜ਼ਰੂਰ ਹੋਵੇਗਾ। ਜੇ ਧਿਆਨ ਨਾਲ ਹੁਣ ਤੇ ਪਿਛਲੇ ਸਾਲਾਂ ਵਿੱਚ ਕੀਤੇ ਫ਼ੈਸਲੇ ਤੇ ਜਾਰੀ ਕੀਤੇ ਹੁਕਮਨਾਮੇ ਤੇ ਜੱਥੇਦਾਰੀ ਤੋਂ ਹਟਾਏ ਜੱਥੇਦਾਰ ਵੱਲ ਦੇਖੀਏ ਤਾਂ, ਸਾਫ਼-ਸਾਫ਼ ਨਜ਼ਰ ਆ ਜਾਵੇਗਾ। ਜਿੰਨਾ ਚਿਰ ਜੱਥੇਦਾਰ ਸਾਹਿਬਾਨ ਆਜ਼ਾਦ ਹਸਤੀ ਨਹੀਂ ਬਣਦੇ, ਸ਼੍ਰੋਮਣੀ ਕਮੇਟੀ ਵਿੱਚ ਜਦੋਂ ਤੱਕ ਬਾਹਰਲੇ ਮੁਲਕਾਂ ਤੇ ਪੰਜਾਬ ਤੋਂ ਬਾਹਰ ਦੀਆਂ ਸਟੇਟਾਂ (ਭਾਰਤ) ਵਿੱਚੋਂ ਜਿੱਥੇ-ਜਿੱਥੇ ਵੀ ਸਿੱਖਾਂ ਦੀ ਅਬਾਦੀ ਹੈ, ਨੁਮਾਇੰਦੇ ਲੈ ਕੇ ਕਮੇਟੀ ਦਾ ਵਿਸਥਾਰ ਨਹੀਂ ਕਰਦੇ, ਅਕਾਲ ਤਖ਼ਤ ਸਾਹਿਬ ਤੋਂ ਇਨਸਾਫ਼ ਦੇ ਫ਼ੈਸਲੇ ਤੇ ਹੁਕਮਨਾਮੇ ਨਿਰਪੱਖ ਤੇ ਕੌਮ ਹਿੱਤ 'ਚ ਨਹੀਂ ਹੋ ਸਕਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਘੱਟੋ-ਘੱਟ ਅੱਧੇ ਮੈਂਬਰ ਬਾਹਰਲੇ ਮੁਲਕਾਂ ਤੇ ਭਾਰਤ ਦੀਆਂ ਸਟੇਟਾਂ ਤੋਂ ਲਏ ਜਾਣ, ਕਿਉਂਕਿ ਬਾਹਰਲੇ ਮੁਲਕਾਂ ਵਿੱਚ ਹੀ ਜੇ ਮੈਂ ਗ਼ਲਤ ਨਾ ਹੋਵਾਂ, ਤਾਂ ਸ਼ਾਇਦ ਪੰਜਾਬ ਨਾਲੋਂ ਵੱਧ ਸਿੱਖਾਂ ਦੀ ਅਬਾਦੀ ਹੋਵੇਗੀ। ਜਿਵੇਂ ਪੰਜਾਬ ਤੋਂ ਨੌਜਵਾਨ ਸਿੱਖ ਬਾਹਰਲੇ ਮੁਲਕਾਂ ਨੂੰ ਨਿਕਲ ਰਹੇ ਹਨ ਤੇ ਭਈਏ ਬਾਹਰੋਂ ਪੰਜਾਬ ਵਿੱਚ ਆ ਰਹੇ ਹਨ। ਇਹ ਅਨੁਪਾਤ ਜ਼ਰੂਰ ਮੇਰੇ ਖ਼ਿਆਲ ਨੂੰ ਪੂਰਾ ਕਰ ਸਕਦਾ ਹੈ। ਜੱਥੇਦਾਰ ਸਾਹਿਬਾਨਾਂ ਨੂੰ ਅਜ਼ਾਦ ਹਸਤੀ ਬੁਲਾਉਣ ਲਈ ਵਰਲਡ ਫੰਡ ਸਿੱਖ ਕੌਮ ਦਾ ਕਾਇਮ ਕੀਤਾ ਜਾਵੇ। ਵੱਡੇ-ਵੱਡੇ ਵਿਦਵਾਨਾਂ, ਧਾਰਮਿਕ ਵਿਅਕਤੀਆਂ, ਦੁਨਿਆਵੀ ਪੜ੍ਹੇ-ਲਿਖੇ ਸਿੱਖਾਂ ਦੇ ਪ੍ਰੋਫ਼ੈਸਰਾਂ, ਡਾਕਟਰਾਂ ਆਦਿ ਤੇ ਸੂਝਵਾਨਾਂ ਅਤੇ ਸਿੱਖ ਰਾਜਸੀ ਮਾਹਿਰਾਂ ਦੀ ਵਰਲਡ ਕਾਨਫ਼ਰੰਸ ਕਿਸੇ ਵੀ ਮੁਲਕ ਵਿੱਚ ਕਰਕੇ ਭਾਰੀ ਇਕੱਠ ਕਰਕੇ ਹਰ ਮੁਲਕ ਤੋਂ ਨੁਮਾਇੰਦੇ ਲੈ ਕੇ ਇੱਕ ਕਮੇਟੀ ਬਣਾਈ ਜਾਵੇ, ਜੋ ਆਪਣੀ ਹਰ ਕੌਮੀ ਮੁੱਦੇ 'ਤੇ ਸਲਾਹ ਕਰਕੇ ਸ਼੍ਰੋਮਣੀ ਕਮੇਟੀ ਤੇ ਸ਼ਾਇਦ ਅਕਾਲ ਤਖ਼ਤ ਤੇ ਸਾਰੇ ਬਾਕੀ ਤਖ਼ਤਾਂ ਦੇ ਜੱਥੇਦਾਰ ਸਾਹਿਬਾਨਾਂ ਨੂੰ ਸਲਾਹ ਮਸ਼ਵਰਾ ਦੇਣ। ਉਸੇ ਸਿੱਖਾਂ ਦੇ ਬਣੇ ਵਰਲਡ ਫੰਡ ਜੋ ਸਿੱਖਾਂ ਦੇ ਹੀ ਪੈਸੇ ਨਾਲ ਜਿਵੇਂ ਮੈਂਬਰਸ਼ਿਪ ਫ਼ੀਸ, ਡੋਨੇਸ਼ਨ ਤੇ ਹੋਰ ਕਈ ਤਰੀਕਿਆਂ ਨਾਲ ਕੀਤੇ ਇਕੱਠੇ ਪੈਸੇ ਵਿੱਚੋਂ ਜੱਥੇਦਾਰ ਸਾਹਿਬਾਨਾਂ ਦੇ ਖ਼ਰਚੇ ਤੇ ਹੋਰ ਸਾਰੇ ਖ਼ਰਚੇ ਕੀਤੇ ਜਾਇਆ ਕਰਨ। ਉੱਪਰ ਦੱਸੇ ਇਕੱਠ ਨੂੰ ਸਰਬੱਤ ਖ਼ਾਲਸਾ ਸੰਮੇਲਨ ਵੀ ਕਿਹਾ ਜਾ ਸਕਦਾ ਹੈ। ਸਾਰੀ ਸਿੱਖ ਕੌਮ ਨੂੰ ਪੂਰੀ ਤਰ੍ਹਾਂ ਇੱਕ ਕਰਨ ਲਈ ਤੇ ਅਕਾਲ ਤਖ਼ਤ ਤੇ ਬਾਕੀ ਤਖ਼ਤਾਂ ਦੇ ਜੱਥੇਦਾਰਾਂ ਨੂੰ ਸੰਪੂਰਨ ਅਜ਼ਾਦ ਹਸਤੀ ਬਣਾਉਣ ਲਈ ਤੇ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਬਰਕਰਾਰ ਰੱਖਣ ਲਈ ਤੁੱਛ ਬੁੱਧੀ ਅਨੁਸਾਰ ਇਹ ਇੱਕ ਸੁਝਾਅ ਹੀ ਹੈ। ਨਹੀਂ ਤਾਂ ਜੱਥੇਦਾਰਾਂ ਦੇ ਫ਼ੈਸਲਿਆਂ ਨੂੰ ਤੇ ਹੁਕਮਨਾਮਿਆਂ ਨੂੰ ਚੁਣੌਤੀਆਂ ਦੇਣ ਲੱਗ ਪਏ ਹਨ। ਵਾਹਿਗੁਰੂ ਕਰੇ! ਕੌਮ ਇਕੱਠੀ ਹੋਵੇ ਅਕਾਲ ਤਖ਼ਤ ਸਾਹਿਬ ਤੋਂ ਹੋਏ ਫ਼ੈਸਲਿਆਂ ਤੇ ਹੁਕਮਨਾਮਿਆਂ ਦਾ ਪਹਿਲਾਂ ਦੀ ਤਰ੍ਹਾਂ ਮਾਣ ਤੇ ਸਤਿਕਾਰ ਬਣ ਜਾਵੇ।

***-ਸ਼ਮਸ਼ੇਰ ਸਿੰਘ 'ਪਾਲ'***

## ਸੰਕਲਪ ਦਿਵਸ ਜਾਂ ਖ਼ੁਸ਼ਾਮਦੀ ਲਈ ਝੂਠੀਆਂ ਕਸਮਾਂ

ਜਦ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਦਲ ਅਤੇ ਮੱਕੜ ਪਖੀਆਂ ਨੇ ਜੋ ਹੁਕਮ-ਨਾਮੇ ਦੀ ਆੜ ਵਿੱਚ ਸਰਬਉੱਚ ਅਦਾਲਤ ਦੀ ਵਰਤੋਂ ਕੀਤੀ ਹੈ। ਇਸ ਨੂੰ ਧੜੇਬੰਦੀ ਦਾ ਮੁਕੰਮਲ ਰੂਪ ਦੇਣ ਲਈ ਖ਼ੁਸ਼ਾਮਦੀਆਂ ਦਾ ਹੋਰ ਰੂਪ ਦੇਖਣ ਵਿੱਚ ਆਇਆ ਹੈ। 'ਧਰਮ ਨਾਲੋਂ ਧੜਾ ਪਿਆਰਾ' ਕਹੇ ਅਨੁਸਾਰ ਸਿੱਖ ਸਟੂਡੈਂਟਸ ਫੈਡਰੇਸ਼ਨ-ਗਰੇਵਾਲ ਧੜੇ ਨੇ ਅਜਿਹਾ ਸੋਚ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਸੰਕਲਪ ਦਿਵਸ ਮਨਾਇਆ ਹੈ। ਕੀ ਇਹ ਢੌਂਗੀ ਲੋਕ ਦੱਸ ਸਕਦੇ ਹਨ ਕਿ ਅਕਾਲ ਤਖਤ ਦੇ ਕਿਸੇ ਵੀ ਹੁਕਮ ਲਈ ਸੰਸਾਰ ਦੇ ਸਿੱਖ ਜੁੱਦਾ ਜੁੱਦਾ ਸੰਕਲਪ ਲਿਆ ਕਰਨਗੇ। ਇਹ ਕਹੇ ਜਾਂਦੇ ਮਰਜੀਵੜੇ 1984 ਤੋਂ ਪਹਿਲਾਂ ਵੀ ਇਸੇ ਤਰ੍ਹਾਂ ਦੇ ਡਰਾਮੇ ਕਰਦੇ ਰਹੇ ਹਨ। ਜਦੋਂ ਪਰਖ ਦੀ ਘੜੀ ਆਈ ਤਾਂ ਸ਼ਹੀਦੀਆਂ ਉਹਨਾਂ ਦਿੱਤੀਆਂ ਜੋ ਸਿਰਫ਼ ਸਿਧਾਂਤਕ ਤੌਰ ਤੇ ਗੁਰੂ ਅੱਗੇ ਕੀਤੀ ਅਰਦਾਸ ਨਾਲ ਹੀ ਬੱਝੇ ਹੋਏ ਸਨ। ਮਰਜੀਵੜੇ ਤੇ ਬਾਰ ਬਾਰ ਸੌਹਾਂ ਖਾਣ ਵਾਲੇ ਤਾਂ ਹੱਥ ਖੜੇ ਕਰਕੇ ਨਿਕਲਣ ਵਾਲਿਆਂ ਦੀ ਅਗਵਾਈ ਪਿੱਛੇ ਤਿੱਤਰ ਹੋ ਤੁਰੇ ਸਨ। ਸੈਂਕੜੇ ਸ਼ਰਧਾਲੂ ਜੋ ਸ਼ਹੀਦੀ ਗੁਰਪੁਰਬ ਸਮੇਂ ਆਏ ਸਨ, ਸ਼ਹਾਦਤ ਦਾ ਜ਼ਾਮ ਪੀ ਗਏ। ਉਹਨਾਂ ਭੋਲੇ ਲੋਕਾਂ ਨੂੰ ਪਤਾ ਵੀ ਨਹੀਂ ਹੋਵੇਗਾ ਕਿ ਸੰਕਟ ਕਿਤਨਾ ਗੰਭੀਰ ਹੈ। ਪਰ ਗੁਰੂ ਦਰਬਾਰ ਤੋਂ ਨਿਛਾਵਰ ਹੋ ਗਏ। ਅੱਜ ਦੇ ਇਹ ਢੌਂਗੀ ਸਿਰਫ਼ ਮਕੜ-ਬਾਦਲ ਦੀਆਂ ਖੁਸ਼ਾਮਦਾਂ ਦੀਆਂ ਚੌਂਕੀਆਂ ਭਰਦੇ ਹਨ। ਐਲ· ਕੇ· ਅਡਵਾਨੀ ਖੁਦ ਹਿੱਕ ਥਾਪੜ ਕੇ ਕਹਿ ਰਿਹਾ ਹੈ ਕਿ ਉਸ ਨੇ ਖੁਦ ਸ਼ਾਮਲ ਹੋ ਕੇ ਹਰਿਮੰਦਰ ਸਾਹਿਬ ਤੇ ਹਮਲਾ ਕਰਵਾਇਆ, ਸਿਰਸਾ ਸਾਧ ਉਰਫ਼ ਰਾਮ ਰਹੀਮ ਦੇ ਗੁੰਡਿਆਂ ਵਲੋਂ ਇਸੇ ਹਫ਼ਤੇ ਕੀਤੀ ਗੁੰਡਾਗਰਦੀ। ਸਾੜ ਫੂਕ ਰਾਹੀਂ ਇਹਨਾਂ ਗੁੰਡਿਆਂ ਨੇ ਜਾਨ ਮਾਲ ਦਾ ਨੁਕ-ਸਾਨ ਕੀਤਾ। ਸੰਕਲਪ ਵਾਲੇ ਇਹ ਦੂਤ ਇਸ ਕਰਕੇ ਚੁੱਪ ਹਨ ਕਿਉਂਕਿ ਅਡਵਾਨੀ ਖੁਦ ਬਾਦਲ ਦਾ ਕੌਮੀ ਆਗੂ ਹੈ। ਸਾਧ ਰਾਮ ਰਹੀਮ ਬਾਦਲ ਪਿਓ-ਪੁੱਤਰ ਦੇ ਵੋਟ ਬੈਂਕ ਹਨ। ਸਹੀ ਕਿਹਾ ਜਾਏ ਤਾਂ ਇਹ ਭੰਨ ਤੋੜ, ਗੁੰਡਾਗਰ-ਦੀ ਵੀ ਇਨ੍ਹਾਂ ਸਿਆਸੀ ਆਗੂਆਂ ਦੀ ਚਾਲ ਅਤੇ ਦੇਣ ਹੈ। ਇਹ ਸੰਕਲਪੀਏ ਦੂਤ ਅਤੇ ਸੁਖਬੀਰ ਬਾਦਲ ਦੀ ਕਹੀ ਜਾਂਦੀ ਟਾਸਕ ਫੋਰਸ ਉਪਰੋਕਤ ਗੁੰਡਾ ਗਰਦੀ ਸਮੇਂ ਕਿਥੇ ਦੁੰਮ ਦਬਾ ਕੇ ਛੁਪ ਜਾਂਦੇ ਹਨ। ਇਹ ਫੈਡਰੇਸ਼ਨੀਏ ਵੀ ਸਗੋਂ ਇਸੇ ਟਾਸਕ ਫੋਰਸ ਦਾ ਹੀ ਹਿਸਾ ਹਨ। ਇਹਨਾਂ ਦਾ ਮੁੱਖ ਕੰਮ ਤਾਂ ਬਾਦਲ ਦਲੀਆਂ ਨਾਲੋਂ ਵੱਖਰੇ ਵਿਚਾਰਾਂ ਵਾਲੇ ਸਿੱਖਾਂ ਵਿਰੁਧ ਸਾਜਿਸ਼ਾਂ ਕਰਨਾ ਹੈ। ਜੋ ਅੱਜ ਅਕਾਲ ਤਖਤ ਦੇ ਹਾਲਾਤ ਹਨ, ਇਹ ਬਿਲਕੁਲ ਅੰਗਰੇਜ਼ ਸਮੇਂ ਦੇ ਹਾਲਾਤਾਂ ਨਾਲ ਹੀ ਮੇਲ ਖਾਂਦੇ ਹਨ। ਅੱਜ ਦੇ ਸਮੇਂ ਵਾਂਗ ਉਸ ਸਮੇਂ ਵੀ ਇਥੇ ਹਾਕਮਾਂ ਦੇ ਪੁਜਾਰੀਆ ਕਥਿਤ ਜਥੇਦਾਰਾਂ ਦਾ ਕਬਜ਼ਾ ਸੀ। ਅੱਜ ਆਰ· ਐੱਸ· ਐੱਸ· ਹਾਵੀ ਹੈ, ਉਸ ਸਮੇਂ ਮਹੰਤਾਂ ਤੇ ਆਰੀਆ ਸਮਾਜੀਆਂ ਦਾ ਜ਼ੋਰ ਸੀ। ਅੱਜ ਦੇ ਹਾਕਮਾਂ ਵਾਂਗ ਅੰਗਰੇਜ਼ ਦੇ ਪਿੱਠੂਆ ਦੀ ਭਰਮਾਰ ਸੀ। ਜਲਿਆਂ ਵਾਲੇ ਬਾਗ ਦੇ ਕਾਤਲ ਜਨਰਲ ਡਾਇਰ ਨੂੰ ਇਹਨਾਂ ਲੋਕਾਂ ਨੇ ਤਖਤ ਸਾਹਿਬ ਤੇ ਸਨਮਾਨਿਤ ਕੀਤਾ ਸੀ। ਇਥੇ ਹੀ ਬੱਸ ਨਹੀਂ ਜਦ ਕਲਕੱਤੇ ਵਿਖੇ ਬਜਬਜਘਾਟ ਦੇ ਸਾਕੇ ਵਿੱਚ ਅੰਗਰੇਜ਼ ਨੇ 25 ਸਿੰਘ ਗੋਲੀਆਂ ਨਾਲ ਭੁੰਨ ਕੇ ਸ਼ਹੀਦ ਕੀਤੇ ਸਨ, ਤਾਂ ਅੰਗਰੇਜ਼ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਉਸੇ ਜਥੇਦਾਰ ਰਾਹੀਂ ਹੁਕਮਨਾਮਾਂ ਜਾਰੀ ਕਰਵਾਇਆ ਸੀ ਜਿਸ ਵਿੱਚ ਉਚੇਚੇ ਤੌਰ 'ਤੇ ਲਿਖਵਾਇਆ ਗਿਆ ਕਿ

"ਬਜਬਜਘਾਟ ਵਿਖੇ ਮਾਰੇ ਗਏ ਸਿੱਖ ਨਹੀਂ ਸਨ।" ਇਹ ਅੰਗਰੇਜ਼ ਦੀ ਹਕੂਮਤ ਅਤੇ 1914 ਦੇ ਸਾਲ ਦਾ ਸਮਾਂ ਸੀ। ਅੱਜ ਫਰਕ ਇਤਨਾ ਹੀ ਹੈ ਕਿ ਇਹ ਭਾਜਪਾ ਅਤੇ ਬਾਦਲ ਦਾ ਸਮਾਂ ਹੈ। ਹਾਲਾਤ ਉਸੇ ਤਰ੍ਹਾਂ ਦੇ ਅਤੇ ਹੁਕਮਨਾਮਿਆਂ ਦੀ ਰੂਪਰੇਖਾ ਉਹੀ ਹੈ। ਅੰਗਰੇਜ਼ ਦੇ ਖੁਸ਼ਾਮਦੀਆਂ ਅਤੇ ਅਡਵਾਨੀ ਬਾਦਲ ਦੇ ਖੁਸ਼ਮਾਦੀਆਂ ਵਿੱਚ ਬਹੁਤਾ ਫਰਕ ਨਹੀਂ ਹੈ। ਦੋਵੇਂ ਹਾਲਾਤ ਸਿੱਖ ਲਈ ਮਾਰੂ ਸਾਬਤ ਹੋਏ ਹਨ।

ਬਜਬਜਘਾਟ ਦੇ ਸਾਕੇ ਦੌਰਾਨ ਜੋ ਸਿੱਖ ਬਚ ਨਿਕਲੇ ਉਹਨਾਂ ਵਿੱਚ ਬਾਬਾ ਗੁਰਦਿੱਤ ਸਿੰਘ ਅਤੇ ਬਾਬਾ ਵਿਸਾਖਾ ਸਿੰਘ ਆਗੂ ਸਨ ਜਿਨ੍ਹਾਂ ਜਥੇਬੰਦ ਹੋ ਕੇ ਦੁਬਾਰਾ ਅੰਗਰੇਜ਼ ਵਿਰੁੱਧ ਸੰਘਰਸ਼ ਆਰੰਭਿਆ ਇਸੇ ਸਾਬ ਵਿਚੋਂ ਬੱਬਰ ਅਕਾਲੀ ਲਹਿਰ ਅਤੇ ਸਿੰਘ ਸਭਾ ਲਹਿਰ ਨੇ ਜਨਮ ਲਿਆ। ਅੰਗਰੇਜ਼ ਤੇ ਉਸ ਦੇ ਸੁਹਿਰਦ ਸੰਘਰਸ਼ ਕਰਨ ਵਾਲੇ ਸਿੱਖਾਂ ਨਾਲ ਜੋ ਅਣ-ਮਨੁੱਖੀ ਵਤੀਰਾ ਕਰਦੇ ਰਹੇ ਉਹੀ ਹੂ ਬ ਹੂ ਵਤੀਰਾ ਅੱਜ ਬ੍ਰਾਹਮਣ ਹਾਕਮ ਅਤੇ ਬਾਦਲ ਉਸ ਦੇ (ਸੁਹਿਰਦ) ਅੱਜ ਦੇ ਸੰਘਰਸ਼ਵਾਦੀ ਸਿੱਖਾਂ ਨਾਲ ਕਰ ਰਹੇ ਹਨ। ਸਿਰਸਾ ਸਾਧ, ਆਸ਼ੂਤੋਸ਼, ਭਨਿਆਰਾ ਵਿਰੁੱਧ ਸੰਘਰਸ਼ ਕਰ ਰਹੀ ਪੰਥਕ ਧਿਰ ਖਾਲਸਾ ਐਕਸ਼ਨ ਕਮੇਟੀ ਨਾਲ ਸਬੰਧਿਤ ਸੈਂਕੜੇ ਸਿੱਖਾਂ ਨੂੰ ਆਗੂਆਂ ਸਮੇਤ ਬਾਦਲ ਸਰਕਾਰ ਨੇ ਜੇਹਲੀ ਬੰਦ ਕੀਤਾ ਹੋਇਆ ਹੈ। ਇਹ ਢੌਂਗੀ ਫੈਡਰੇਸ਼ਨੀਏ ਸੰਕਲਪ ਦਿਵਸ ਦੇ ਢੌਂਗੜੇ ਖੁਸ਼ਾਮਦ ਨਾਲ ਹਾਕਮਾਂ ਦਾ ਪਾਣੀ ਭਰ ਰਹੇ ਹਨ। ਇਹਨਾਂ ਖੁਸ਼ਾਮਦੀ ਲੋਕਾਂ ਨੇ ਸਿਰਸਾ ਸਾਧ, ਆਸ਼ੂਤੋਸ਼, ਭਨਿਆਰਾ ਵਿਰੁੱਧ ਕਦੇ ਕੋਈ ਸੰਕਲਪ ਨਹੀਂ ਲਿਆ। ਇਹ ਖੁਸ਼ਾਮਦੀ ਤੇ ਪਿੱਠੂਪੁਣੇ ਦਾ ਰੰਗ ਉਹਨਾਂ ਲੋਕਾਂ ਤਕ ਵੀ ਫੈਲ ਗਿਆ ਜੋ ਯੂ ਕੇ ਅਤੇ ਬਾਹਰਲੇ ਮੁਲਕਾਂ ਵਿੱਚ ਰਾਤੋ ਰਾਤ ਰੰਗ ਬਦਲ ਕੇ ਬਾਦਲ ਜਾਏ ਅਖਵਾਉਣ ਲਗ ਪਏ। ਨਾਨਕਸ਼ਾਹੀ ਕੈਲੰਡਰ ਨੂੰ ਬਿਕਰਮੀ ਮੰਨ ਲੈਣਾ, ਇਹ ਤਾਂ ਬਗਾਨਾ ਸੀ। ਇਥੇ ਤਾਂ ਕੁਝ ਲੋਕ ਗੁਰੂ ਗ੍ਰੰਥ ਸਾਹਿਬ ਨੂੰ ਸੀਸ ਨਿਵਾਉਂਦੇ ਹੋਏ ਵੀ ਹੁਣ ਸ੍ਰੀ ਆਖੰਡ ਪਾਠ ਕਿਧਰੋਂ ਹੋਰ ਵੀ ਕਰਨ ਲਗ ਪਏ ਹਨ। ਸ: ਅਵਤਾਰ ਸਿੰਘ ਮੱਕੜ ਦੀ ਖ਼ੁਸ਼ਾਮਦੀ ਤਾਂ ਉਹਨਾਂ ਨੂੰ ਪੁਗਦੀ ਸੀ। ਉਹਨਾਂ ਨੇ ਤਾਂ ਪ੍ਰਧਾਨਗੀ ਦੇ ਸ਼ੁਰੂਆਤ ਵਿੱਚ ਹੀ ਬਾਦਲ ਦਾ ਦਾਸ ਹੋਣਾ ਕਬੂਲ ਕਰ ਲਿਆ ਸੀ। ਇਹੀ ਮਜ਼ਬੂਰੀ ਸੀ ਅਤੇ ਹੈ ਕਿ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾ ਕੇ ਬਿਕਰਮੀ ਕਰਨ ਤਾਂ ਕੀ, ਉਹਨਾਂ ਕੋਲ ਅੱਜ ਤੱਕ ਵੀ ਕਿਧਰੇ ਵੀ ਅੱਥਰੂ ਸੁੱਟਣ ਦਾ ਕੋਈ ਅਧਿਕਾਰ ਨਹੀਂ ਹੈ। ਖ਼ੁਸ਼ਾਮਦ ਦੀ ਹਾਲਤ ਹੀ ਅਜਿਹੀ ਹੁੰਦੀ ਹੈ। ਅਜਿਹੇ ਖੁਸ਼ਮਾਦੀਏ ਅਤੇ ਦਾਸਾਂ ਦੇ ਪੈਦਾ ਕੀਤੇ ਹਾਲਾਤ ਸਿੱਖ ਕੌਮ ਦਾ ਨੁਕਸਾਨ ਕਰਦੇ ਹਨ। ਇਹ ਲੋਕ ਆਪਣੇ ਇਰਾਦੇ ਨੂੰ ਸਿੱਖ ਮਾਰੂ ਨੀਤੀਆਂ ਲਈ ਵਰਤ ਰਹੇ ਹਨ।

**ਗੁਰੂ ਪੰਥ ਦਾ ਦਾਸ-ਪਰਮਿੰਦਰ ਸਿੰਘ ਬਲ**
**ਸਿੱਖ ਫੈਡਰੇਸ਼ਨ ਯੂ ਕੇ**

**ਪੰਜਾਬ ਟਾਈਮਜ਼ ਵੱਲੋਂ ਤਾਂਤਰਿਕਾਂ ਦੇ ਭੇਦ ਨੰਗੇ ਕਰਨ 'ਤੇ ਇਹ ਗਾਲਾਂ ਕੱਢਣ 'ਤੇ ਉਤਰ ਆਏ, ਅਤੇ ਧਮਕੀਆਂ ਦਿੱਤੀਆਂ ਕਿ ਅਸੀਂ ਤੁਹਾਨੂੰ ਤਬਾਹ ਕਰ ਦਿਆਂਗੇ, ਇਕੱਠੇ ਹੋ ਕੇ ਮੰਤਰ ਪੜ੍ਹਾਂਗੇ। ਪਰ ਇਹਨਾਂ ਦੇ ਮੰਤਰਾਂ ਦਾ ਪੰਜਾਬ ਟਾਈਮਜ਼ 'ਤੇ ਕੋਈ ਅਸਰ ਨਹੀਂ ਹੋਇਆ। ਪਾਠਕ ਅੰਦਾਜ਼ਾ ਲਾ ਲੈਣ ਇਹ ਦੋ ਸਾਲਾਂ ਤੋਂ ਧਮਕੀਆਂ ਦਿੰਦੇ ਆ ਰਹੇ ਹਨ, ਅਜੇ ਤੱਕ ਤਾਂ ਕੋਈ ਹਨ੍ਹੇਰੀ ਨਹੀਂ ਆਈ।**